# ਕੂਪ ਹੋਰਿਜ਼ਨ

1 ਮਾਰਚ 2023


## ਸਹਿਕਾਰੀ ਸੰਸਥਾਵਾਂ ਦੇ ਲਈ ਫਾਇਦੇਮੰਦ ਹੈ ਬਜਟ: ਅਮਿਤ ਸ਼ਾਹ



ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ 'ਸਹਿਕਾਰ ਤੋਂ ਸਮਰਿਧੀ' ਦੇ ਮੰਤਰ 'ਤੇ ਚੱਲਦਿਆਂ ਭਾਰਤ ਸਰਕਾਰ ਸਹਿਕਾਰਤਾਵਾਂ ਰਾਹੀਂ ਕਰੋੜਾਂ ਭਾਰਤੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਦ੍ਰਿੜ ਸੰਕਲਪ ਹੈ।

ਬਜਟ 2023 ਵਿੱਚ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨਲਈ ਲਏ ਗਏ ਕਮਾਲ ਦੇ ਫੈਸਲੇ ਇਸ ਸੰਕਲਪ ਨੂੰ ਦਰਸਾਉਂਦੇ ਹਨ। ਵਿਸ਼ਵ ਦੀ ਸਭ ਤੋਂ ਵੱਡੀ ਵਿਕੇਂਦਰੀਕਰਨ ਸਟੋਰੇਜ ਸਮਰੱਥਾ ਬਣਾਉਣ ਦੀ ਯੋਜਨਾ ਦੇ ਨਾਲ, ਸਹਿਕਾਰੀ ਸੰਸਥਾਵਾਂ ਨਾਲ ਜੁੜੇ ਕਿਸਾਨ ਸਹੀ ਸਮੇਂ 'ਤੇ ਆਪਣੀ ਫ਼ਸਲ ਵੇਚਕੇ ਸਹੀ ਸਮੇਂ ਤੇ ਮੁੱਲ ਕਮਾ ਸਕਣਗੇ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਸੰਕਲਪ ਨੂੰ ਪੂਰਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਏਗਾ ਜਿਸ ਵਿੱਚ ਉਹ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਾਕ ਚਾਹੁੰਦੇ ਹਨ।

ਸਰਕਾਰ ਅਗਲੇ ਪੰਜ ਸਾਲਾਂ ਵਿੱਚ ਹਰੇਕ ਪੰਚਾਇਤ ਵਿੱਚ ਨਵੀਆਂ ਬਹੁ-ਮੰਤਵੀ ਸਹਿਕਾਰੀ ਸੰਸਥਾਵਾਂ, ਪ੍ਰਾਇਮਰੀ ਮੱਛੀ ਪਾਲਣ ਸੰਸਥਾਵਾਂ(ਪ੍ਰਾਇਮਰੀ ਫਿਸ਼ਰੀਜ਼ ਸੋਸਾਇਟੀਆਂ) ਅਤੇ ਦੁੱਧ ਸਹਿਕਾਰੀ ਸੰਸਥਾਵਾਂ ਦੀ ਸਥਾਪਨਾ ਕਰੇਗੀ। ਖੰਡ ਸਹਿਕਾਰੀ ਸੰਸਥਾਵਾਂ ਨੂੰ ਇਹ ਸਹੂਲਤ ਦਿੱਤੀ ਗਈ ਹੈ ਕਿ ਉਹ ਕਿਸਾਨਾਂ ਨੂੰ 2016-17 ਤੋਂ ਪਹਿਲਾਂ ਕੀਤੇ ਗਏ ਭੁਗਤਾਨ ਨੂੰ ਆਪਣੇ ਖਰਚਿਆਂ ਵਿੱਚ ਦਿਖਾ ਸਕਦੇ ਹਨ। ਇਸ ਨਾਲ ਸਹਿਕਾਰੀ ਖੰਡ ਮਿੱਲਾਂ ਨੂੰ ਕਰੀਬ 10,000 ਕਰੋੜ ਰੁਪਏ ਦੀ ਰਾਹਤ ਮਿਲੇਗੀ।

ਕੇਂਦਰੀ ਸਹਿਕਾਰਤਾ ਮੰਤਰੀ ਨੇ ਪ੍ਰਧਾਨ ਮੰਤਰੀ ਦਾ ਇਸ ਗੱਲ ਲਈ ਵੀ ਧੰਨਵਾਦ ਕੀਤਾ ਕਿ 31 ਮਾਰਚ, 2024 ਤੱਕ ਹੋਂਦਵਿੱਚ ਆਏ ਨਿਰਮਾਣ (ਮੈਨੂਫੈਕਚੁਰਿੰਗ) ਖੇਤਰ ਦੀਆਂ ਸਹਿਕਾਰੀ ਸੰਸਥਾਵਾਂ ਨੂੰ 15% ਦੇ ਟੈਕਸ ਦਾਇਰੇ ਵਿੱਚ ਹੀ ਰੱਖਿਆ ਗਿਆ ਹੈ। ਪ੍ਰਾਇਮਰੀ ਖੇਤੀ ਲੋਨ ਸੋਸਾਇਟੀਆਂ (ਪੀਏਸੀਐਸ) ਅਤੇ ਪ੍ਰਾਇਮਰੀ ਕੋ-ਆਪਰੇਟਿਵ ਖੇਤੀ ਅਤੇ ਪੇਂਡੂ ਵਿਕਾਸ ਬੈਂਕ(ਪੀਸੀਏਆਰਡੀਬੀ) ਲਈ ਨਕਦ ਨਿਕਾਸੀ 'ਤੇ ਟੀਡੀਐਸਨੂੰ 3 ਕਰੋੜ ਰੁਪਏ ਤੱਕ ਸੀਮਤ ਕਰਨਾ ਅਤੇ ਨਕਦ ਜਮ੍ਹਾ ਅਤੇ ਕਰਜ਼ਿਆਂ 'ਤੇ 2 ਲੱਖ ਰੁਪਏ ਪ੍ਰਤੀ ਵਿਅਕਤੀ ਸੀਮਤ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ।

ਸਰੋਤ: ਪੀ.ਆਈ.ਬੀ

## ਰਾਸ਼ਟਰੀ ਪੱਧਰ ਦੀ ਬਹੁ-ਰਾਜੀ ਸਹਿਕਾਰੀ ਨਿਰਯਾਤ ਸੰਸਥਾ (ਰਾਸ਼ਟਰੀ ਪੱਧਰੀ ਮਲਟੀਸਟੇਟ ਕੋਆਪਰੇਟਿਵ ਐਕਸਪੋਰਟ ਸੋਸਾਇਟੀ)

ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ ਮਲਟੀਸਟੇਟ ਕੋਆਪ੍ਰੇਟਿਵ ਸੋਸਾਇਟੀਜ਼ (ਐੱਮ.ਐੱਸ.ਸੀ.ਐੱਸ.) ਐਕਟ 2002 ਦੇ ਤਹਿਤ ਰਾਸ਼ਟਰੀ ਪੱਧਰ ਦੀ ਬਹੁ-ਰਾਜੀ ਸਹਿਕਾਰੀ ਨਿਰਯਾਤ ਸੋਸਾਇਟੀਆਂ ਦੇ ਗਠਨ ਅਤੇ ਪ੍ਰੋਤਸਾਹਨ ਕਰਨ ਦਾ ਫੈਸਲਾ ਕੀਤਾ ਹੈ। ਇਹ ਨਿਰਯਾਤ ਸੰਬੰਧੀ ਨੀਤੀਆਂ, ਵਿਦੇਸ਼ ਮੰਤਰਾਲੇ ਦੀਆਂ ਯੋਜਨਾਵਾਂ, ਵਣਜ ਵਿਭਾਗ, ਵਣਜ ਅਤੇ ਉਦਯੋਗ ਮੰਤਰਾਲੇ ਦੇ ਸਹਿਯੋਗ ਨਾਲ ਸਬੰਧਤ ਮੰਤਰਾਲਿਆਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਇਸ ਵਿੱਚ ਸਹਿਕਾਰੀ ਸੰਸਥਾਵਾਂ ਅਤੇ ਸਬੰਧਤ ਇਕਾਈਆਂ ਦੁਆਰਾ ਪੈਦਾ ਕੀਤੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂਨੂੰ ਨਿਰਯਾਤਕਰਨ ਲਈ ਸਰਕਾਰ ਦੀ ਸਮੁੱਚੀ ਕੋਸ਼ਿਸ਼ (ਹੋਲ ਆਫ਼ ਗਵਰਨਮੈਂਟ ਅਪਰੋਚ) ਨੂੰ ਅਪਣਾਇਆ ਜਾਵੇਗਾ।

ਪ੍ਰਸਤਾਵਿਤ ਸੰਸਥਾ ਸਹਿਕਾਰੀ ਖੇਤਰ ਦੇ ਨਿਰਯਾਤ ਨੂੰ ਮਜਬੂਤ ਕਰਨ ਲਈ ਇੱਕ ਛਤਰੀ ਸੰਸਥਾ ਵਜੋਂ ਕੰਮ ਕਰੇਗੀ ਤਾਂ ਜੋ ਨਿਰਯਾਤ ਹੋ ਸਕੇ ਤੇ ਉਸਨੂੰ ਵਧਾਇਆ ਜਾ ਸਕੇ। ਇਸ ਨਾਲ ਗਲੋਬਲ ਮਾਰਕੀਟ ਵਿੱਚ ਭਾਰਤੀ ਸਹਿਕਾਰਤਾਵਾਂ ਦੀ ਨਿਰਯਾਤ ਸੰਭਾਵਨਾਵਾਂ ਨੂੰ ਸਾਹਮਣੇ ਲਿਆਉਣ ਵਿੱਚ ਮਦਦ ਮਿਲੇਗੀ। ਇਸ ਪ੍ਰਸਤਾਵਿਤ ਸੰਸਥਾ ਦੀ ਮਦਦ ਨਾਲ, ਸਹਿਕਾਰੀ ਸੰਸਥਾਵਾਂ ਸਮੁੱਚੀ ਕੋਸ਼ਿਸ਼ ਸਰਕਾਰ ਦੀ ਸੋਚ(ਹੋਲ ਆਫ਼ ਗਵਰਨਮੈਂਟ ਅਪਰੋਚ)ਰਾਹੀਂ ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਦੀਆਂ ਵੱਖ-ਵੱਖ ਨਿਰਯਾਤ ਸੰਬੰਧੀ ਯੋਜਨਾਵਾਂ ਅਤੇ ਨੀਤੀਆਂ ਦਾ ਲਾਭ ਲੈ ਸਕਣਗੀਆਂ। ਇਸ ਨਾਲ ਸਹਿਕਾਰਤਾਵਾਂ ਦੇ ਸਮਾਵੇਸ਼ੀ ਵਿਕਾਸ ਮਾਡਲ ਰਾਹੀਂ 'ਸਹਿਯੋਗ ਤੋਂ ਖੁਸ਼ਹਾਲੀ' ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ। ਇਹ ਮੈਂਬਰਾਂ ਨੂੰ ਉਨ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਦੇ ਨਿਰਯਾਤ ਲਈ ਉਚਿਤ ਮੁੱਲ ਪ੍ਰਦਾਨ ਕਰੇਗਾਹੀ, ਸੁਸਾਇਟੀਆਂ ਦੇ ਸਰਪਲੱਸ ਤੋਂ ਬਕਾਇਦਾ ਲਾਭਵੀ ਦਵੇਗਾ।

### ਨਿਰਯਾਤ ਵਿੱਚ ਸਹਿਯੋਗ ਦੀ ਲੋੜ ਹੈ

- ਇੱਥੇ 8.54 ਲੱਖ ਰਜਿਸਟਰਡ ਸਹਿਕਾਰੀ ਸਭਾਵਾਂ ਹਨ ਜਿਨ੍ਹਾਂ ਦੇ 29 ਕਰੋੜ ਤੋਂ ਵੱਧ ਮੈਂਬਰ ਹਨ।
- ਸਹਿਕਾਰੀ ਸਭਾਵਾਂ ਪੇਂਡੂ ਖੇਤਰਾਂ ਵਿੱਚ ਆਰਥਿਕ ਤਬਦੀਲੀ ਲਿਆਉਣ ਲਈ ਮਹੱਤਵਪੂਰਨ ਹਨ।
- ਸਹਿਕਾਰੀ ਸਭਾਵਾਂ ਨੂੰ 'ਥਿੰਕ ਗਲੋਬਲ, ਐਕਟ ਲੋਕਲ' ਦੀ ਸੋਚ ਨੂੰ ਅਪਣਾਉਣਾ ਹੋਵੇਗਾ ਤਾਂ ਜੋ ਉਹ ਸਾਰੇ ਆਰਥਿਕ ਖੇਤਰਾਂ ਵਿੱਚ ਵੱਧ ਤੋਂ ਵੱਧ ਲਾਭ ਲੈ ਸਕਣ।

### ਇੱਕ ਨਿਰਯਾਤ ਸੰਗਠਨ ਬਣਾਉਣ ਲਈ ਪ੍ਰੇਰਨਾ

- ਅੰਤਰਰਾਸ਼ਟਰੀ ਬਾਜ਼ਾਰ ਦੀ ਮੰਗ ਦਾ ਮੁਲਾਂਕਣ ਅਤੇ ਸਹਿਕਾਰੀ ਉਤਪਾਦਾਂ ਅਤੇ ਸੇਵਾਵਾਂ ਦੀ ਨਿਰਯਾਤ ਸੰਭਾਵਨਾ ਦਾ ਇਸਤੇਮਾਲ
- ਦੇਸ਼ ਦੇ ਨਿਰਯਾਤ ਵਿੱਚ ਸਹਿਕਾਰੀ ਸੰਸਥਾਵਾਂ ਦੀ ਸਿੱਧੀ ਭਾਗੀਦਾਰੀ
- ਨਿਰਯਾਤਯੋਗ ਘਰੇਲੂ ਸਰਪਲੱਸ ਲਈ ਢੁਕਵੀਂ ਸੰਸਥਾਗਤ ਸਹਾਇਤਾ, ਪੂੰਜੀ, ਭੰਡਾਰਨ, ਤਕਨੀਕੀ ਜਾਣਕਾਰੀ ਅਤੇ ਸਿਖਲਾਈ ਦਾ ਪ੍ਰਬੰਧ
- ਖਰੀਦ, ਸਟੋਰੇਜ, ਪ੍ਰੋਸੈਸਿੰਗ, ਮਾਰਕੀਟਿੰਗ, ਬ੍ਰਾਂਡਿੰਗ, ਲੇਬਲਿੰਗ, ਪੈਕੇਜਿੰਗ, ਪ੍ਰਮਾਣੀਕਰਣ, ਖੋਜ ਅਤੇ ਵਿਕਾਸ ਆਦਿ ਅਤੇ ਸਹਿਕਾਰੀ ਸਭਾਵਾਂ ਦੀਆਂ ਹਰ ਤਰ੍ਹਾਂ ਦੀਆਂ ਕਿਸਮਾਂ ਦੀਆਂ ਵਸਤਾਂ ਅਤੇ ਸੇਵਾਵਾਂ ਦਾ ਵਪਾਰਕਰਨਾ।
- ਸਹਿਕਾਰੀ ਸਭਾਵਾਂ ਦੁਆਰਾ ਪੈਦਾ ਕੀਤੀਆਂ ਵਾਧੂ ਵਸਤਾਂ ਅਤੇ ਸੇਵਾਵਾਂ ਦੇ ਨਿਰਯਾਤ ਨੂੰ ਵਧਾ ਕੇ ਅਤੇ 'ਮੇਕ ਇਨ ਇੰਡੀਆ' ਨੂੰ ਉਤਸ਼ਾਹਿਤ ਕਰਕੇ ਆਤਮ ਨਿਰਭਰ ਭਾਰਤ ਬਣਾਉਣਾ।
- ਇਸ ਨਾਲ ਸਹਿਕਾਰੀ ਖੇਤਰ ਵਿੱਚ ਵਧੇਰੇ ਰੁਜ਼ਗਾਰ ਪੈਦਾ ਹੋਵੇਗਾ।

### ਨਿਰਯਾਤ ਸੰਗਠਨ ਦਾ ਪ੍ਰਬੰਧਨ

- ਚਾਰ ਪ੍ਰਮੁੱਖ ਸਹਿਕਾਰੀ ਸੰਸਥਾਵਾਂ ਆਈ.ਐਫ.ਐਫ.ਸੀ.ਓ,ਕੇ.ਆਰ.ਆਈ.ਬੀ.ਐਚ.ਸੀ.ਓ ,ਐਨ.ਏ.ਐ.ਐਫ.ਡੀ, ਜੀ.ਸੀ.ਐਮ.ਐਮ.ਐਫ ਅਤੇ ਐਨ.ਸੀ.ਡੀ.ਸੀ.ਹਰੇਕ ਵਿੱਚੋਂ ਸੋ ਕਰੋੜ ਰੁਪਏ ਦਾ ਯੋਗਦਾਨਦਏਗਾ।
- ਸੰਸਥਾ ਕੋਲ 2,000 ਕਰੋੜ ਰੁਪਏ ਦੀ ਅਧਿਕਾਰਤ ਸ਼ੇਅਰ ਪੂੰਜੀਹੋਵੇਗੀ, ਪੇਡ-ਅੱਪ ਸ਼ੇਅਰ ਰਾਸ਼ੀ 500 ਕਰੋੜ ਦੀਹੋਵੇਗੀ।

- ਇਹ ਪੂਰੇ ਦੇਸ਼ ਵਿੱਚ ਕੰਮ ਕਰੇਗਾ ਜਦਕਿ ਰਜਿਸਟਰਡ ਦਫ਼ਤਰ ਨਵੀਂ ਦਿੱਲੀ ਵਿੱਚ ਹੋਵੇਗਾ।
- ਪ੍ਰਾਇਮਰੀ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ ਸਹਿਕਾਰੀ ਸਭਾਵਾਂ ਇਸ ਸੰਸਥਾ ਦੀ ਮੈਂਬਰ ਬਣ ਸਕਣਗੀਆਂ।

### ਨਿਰਯਾਤ ਏਜੰਸੀ ਦੇ ਕੰਮ

- ਦੇਸ਼ ਦੇ ਸਹਿਕਾਰੀ ਖੇਤਰ ਵਿੱਚ ਜੋ ਵੀ ਸਰਪਲੱਸ ਹਨ, ਉਸ ਦੀ ਨਿਰਯਾਤ 'ਤੇ ਧਿਆਨ ਦੇਣਾ।
- ਭਾਰਤੀ ਸਹਿਕਾਰੀ ਖੇਤਰ ਨੂੰ ਵੱਡੀ ਮੰਡੀ ਤੱਕ ਪਹੁੰਚ ਲਈ ਤਿਆਰ ਕਰਨਾ।
- ਦੁਨੀਆ ਭਰ ਵਿੱਚ ਭਾਰਤੀ ਸਹਿਕਾਰੀ ਖੇਤਰ ਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਨੂੰ ਵਧਾਉਣਾ।

### ਨਿਰਯਾਤ ਸੰਸਥਾ ਦੇ ਲਾਭ

- ਗਲੋਬਲ ਮਾਰਕੀਟ ਵਿੱਚ ਭਾਰਤੀ ਸਹਿਕਾਰਤਾਵਾਂ ਦੀ ਨਿਰਯਾਤ ਸੰਭਾਵਨਾਵਾਂ ਦੇ ਦਰਵਾਜੇ ਖੋਲ੍ਹਣ ਲਈ।
- ਸਹਿਕਾਰਤਾਵਾਂ ਦੇ ਸੰਮਲਿਤ ਵਿਕਾਸ ਮਾਡਲ ਰਾਹੀਂ 'ਸਹਿਕਾਰ ਤੋਂ ਖੁਸ਼ਹਾਲੀ' ਦੇ ਟੀਚੇ ਨੂੰ ਪ੍ਰਾਪਤ ਕਰਨਾ।
- ਵਸਤੂ ਅਤੇ ਸੇਵਾਵਾਂ ਦੇ ਨਿਰਯਾਤ ਦੇ ਜ਼ਰੀਏ ਚੰਗੇ ਮੁੱਲ ਦਵਾਉਣਾ ਅਤੇ ਸੰਸਥਾ ਵੱਲੋਂ ਸਰਪਲੱਸ ਤੋਂ ਲਾਭਅੰਸ਼ ਦੀ ਵੰਡ
- ਇਸ ਮੁਹਿੰਮ ਨਾਲ ਸਹਿਕਾਰੀ ਖੇਤਰ ਦੇ 29 ਕਰੋੜ ਮੈਂਬਰਾਂ ਨੂੰ ਲਾਭ ਹੋਵੇਗਾ।

### ਜੈਵਿਕ ਉਤਪਾਦਾਂ ਲਈ ਰਾਸ਼ਟਰੀ ਪੱਧਰ ਦੀ ਸਹਿਕਾਰੀ ਸੰਸਥਾ

ਕੇਂਦਰੀ ਮੰਤਰੀ ਮੰਡਲ ਨੇ 11 ਜਨਵਰੀ, 2023 ਨੂੰ ਇੱਕ ਮਹੱਤਵਪੂਰਨ ਫੈਸਲਾ ਲੈਂਦੇ ਹੋਏ, ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚਜੈਵਿਕ ਉਤਪਾਦਾਂ ਲਈ ਇੱਕ ਰਾਸ਼ਟਰੀ ਪੱਧਰ ਦੀ ਸਹਿਕਾਰੀ ਸੰਸਥਾ ਦੀ ਸਿਰਜਣਾ ਅਤੇ ਉਸਨੂੰ ਪ੍ਰੋਤਸਾਹਿਤ ਕਰਨ ਨੂੰ ਪ੍ਰਵਾਨਗੀ ਦਿੱਤੀ। ਇਹ ਮਲਟੀਸਟੇਟ ਕੋਆਪ੍ਰੇਟਿਵ ਸੋਸਾਇਟੀਜ਼ (ਐੱਮ.ਐੱਸ.ਸੀ.ਐੱਸ.) ਐਕਟ 2002 ਦੇ ਤਹਿਤ ਬਣਾਈ ਜਾਵੇਗੀ। ਇਹ ਸਬੰਧਤ ਮੰਤਰਾਲਿਆਂ ਦੀਆਂ ਨੀਤੀਆਂ, ਯੋਜਨਾਵਾਂ ਅਤੇ ਏਜੰਸੀਆਂ ਦੀ ਮਦਦ ਨਾਲ ਕੀਤਾ ਜਾਵੇਗਾ, ਖਾਸ ਕਰਕੇ ਵਣਜ ਅਤੇ ਉਦਯੋਗ ਮੰਤਰਾਲਾ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਅਤੇ ਵਿਕਾਸ ਮੰਤਰਾਲਾ। ਉੱਤਰ ਪੂਰਬੀ ਖੇਤਰ ਅਤੇ ਸਰਕਾਰ ਦੀ ਸਮੁੱਚੀ ਪਹਿਲਕਦਮੀ ਦੀ ਸੋਚ ਨੂੰ ਮਿਲ ਕੇ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨੇ ਧਿਆਨ ਦਵਾਇਆ ਕਿ ਸਹਿਕਾਰਤਾ ਦੀ ਸ਼ਕਤੀ ਨੂੰ ਵਰਤਣ ਅਤੇ ਉਨ੍ਹਾਂ ਨੂੰ ਸਫਲ ਕਾਰੋਬਾਰਾਂ ਵਿੱਚ ਬਦਲਣ ਲਈ ਹਰ ਸੰਭਵ ਯਤਨ ਕਰਨੇ ਪੈਣਗੇ ਤਾਂ ਜੋ ਸਹਿਯੋਗ ਰਾਹੀਂ ਖੁਸ਼ਹਾਲੀ ਦਾ ਦ੍ਰਿਸ਼ਟੀਕੋਣ ਇੱਕ ਹਕੀਕਤ ਬਣ ਸਕੇ। ਅਜਿਹੀ ਸਥਿਤੀ ਵਿੱਚ ਸਹਿਕਾਰੀ ਖੇਤਰ ਨੂੰ ਥਿੰਕ ਗਲੋਬਲੀ, ਐਕਟ ਲੋਕਲੀ ਦੀ ਸੋਚ ਅਪਣਾ ਕੇ ਲਾਹਾ ਲੈਣਾ ਚਾਹੀਦਾ ਹੈ।

ਅਜਿਹੀ ਸਥਿਤੀ ਵਿੱਚ, ਐਮਐਸਸੀਐਸ ਐਕਟ 2002ਦੇ ਦੂਜੇ ਅਨੁਸੂਚੀ ਦੇ ਤਹਿਤ ਰਜਿਸਟਰਡ ਇੱਕ ਰਾਸ਼ਟਰੀ ਪੱਧਰ ਦੀ ਸਹਿਕਾਰੀ ਸਭਾ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ ਤਾਂ ਕਿ ਸਹਿਕਾਰੀ ਖੇਤਰ ਦੇ ਜੈਵਿਕ ਉਤਪਾਦਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਇਹ ਜੈਵਿਕ ਖੇਤਰ ਵਿੱਚ ਵੱਖ-ਵੱਖ ਗਤੀਵਿਧੀਆਂ ਲਈ ਇੱਕ ਛਤਰੀ ਸੰਸਥਾ ਦੀ ਤਰ੍ਹਾਂ ਕੰਮ ਕਰੇ।

### ਜੈਵਿਕ ਭੋਜਨ ਪਦਾਰਥਾਂ ਦਾ ਬਜ਼ਾਰ

- ਸਾਲ 2020 ਵਿੱਚ ਜੈਵਿਕ ਭੋਜਨਾਂ ਦਾ ਗਲੋਬਲ ਬਾਜ਼ਾਰ 10 ਲੱਖ ਕਰੋੜ ਰੁਪਏ ਦਾ ਸੀ।
- ਭਾਰਤ ਆਪਣੀ 27 ਲੱਖ ਹੈਕਟੇਅਰ ਜੈਵਿਕ ਜ਼ਮੀਨ ਦੇ ਨਾਲ ਵਿਸ਼ਵ ਵਿੱਚ ਚੌਥੇ ਸਥਾਨ 'ਤੇ ਹੈ।
- ਦੁਨੀਆ ਭਰ ਦੇ ਕੁੱਲ 34 ਲੱਖ ਜੈਵਿਕ ਉਤਪਾਦਕਾਂ ਵਿੱਚੋਂ 16 ਲੱਖ ਭਾਰਤ ਦੇ ਹਨ।
- ਵਿਸ਼ਵ ਦੇ ਆਰਗੈਨਿਕ ਬਾਜ਼ਾਰ ਵਿੱਚ ਭਾਰਤ ਦੀ ਸਿਰਫ 2.70% ਹਿੱਸੇਦਾਰੀ ਹੈ। ਅਜਿਹੀ ਸਥਿਤੀ ਵਿੱਚ ਵਿਸਥਾਰ ਦੀਆਂ ਵਧੇਰੇ ਸੰਭਾਵਨਾਵਾਂ ਹਨ।

### ਜੈਵਿਕ ਹੀ ਕਿਉਂ?

ਜੈਵਿਕ ਉਤਪਾਦਾਂ ਦੀ ਮੰਗ ਵਧਣ ਦਾ ਸਭ ਤੋਂ ਵੱਡਾ ਕਾਰਨ ਸਿਹਤ ਅਤੇ ਵਾਤਾਵਰਣ ਪ੍ਰਤੀ ਵੱਧ ਦੀ ਜਾਗਰੂਕਤਾ ਹੈ।

### ਭਾਰਤ ਵਿੱਚ ਜੈਵਿਕ ਉਤਪਾਦਨ ਦੀਆਂ ਸੰਭਾਵਨਾਵਾਂ

- ਭਾਰਤ ਵਿੱਚ ਖੇਤੀਬਾੜੀ ਦੇ ਲਿਹਾਜ਼ ਨਾਲ ਵੱਖੋ-ਵੱਖਰੇ ਮੌਸਮ ਹਨ, ਇਸ ਲਈ ਇੱਥੇ ਵੱਖ-ਵੱਖ ਕਿਸਮਾਂ ਦੇ ਆਰਗੈਨਿਕ ਉਤਪਾਦ ਤਿਆਰ ਕੀਤੇ ਜਾ ਸਕਦੇ ਹਨ।
- - ਦੇਸ਼ ਦੇ ਕਈ ਹਿੱਸਿਆਂ ਵਿੱਚ, ਖਾਸ ਕਰਕੇ ਉੱਤਰ ਪੂਰਬ ਵਿੱਚ ਜੈਵਿਕ ਖੇਤੀ ਦੀ ਪਰੰਪਰਾ ਹੈ, ਜੋ ਕਿ ਲਾਹੇਵੰਦ ਹੋਵੇਗੀ। ਇੱਥੋਂ ਦੇ ਸਿੱਕਮ ਰਾਜ ਨੂੰ ਸਾਲ 2016 ਵਿੱਚ ਹੀ ਪੂਰੀ ਤਰ੍ਹਾਂ ਜੈਵਿਕ ਰਾਜ ਘੋਸ਼ਿਤ ਕੀਤਾ ਗਿਆ ਹੈ।

### ਆਰਗੈਨਿਕ ਮਾਰਕੀਟ ਵਿੱਚ ਸਹਿ-ਸੰਚਾਲਨ ਕਿਉਂ?

- ਦੇਸ਼ਵਿੱਚ29 ਕਰੋੜ ਮੈਂਬਰਾਂ ਵਾਲੀ 8.54 ਲੱਖ ਰਜਿਸਟਰਡ ਸਹਿਕਾਰੀ ਸਭਾਵਾਂ ਹਨ ਜਿਨ੍ਹਾਂ ਹਨ।
- ਜੈਵਿਕ ਕਲੱਸਟਰ ਬਣਾਉਣ ਅਤੇ ਉਨ੍ਹਾਂ ਦੀ ਸਪਲਾਈ ਚੇਨ ਤਿਆਰ ਕਰਨ ਲਈ ਸਹਿਕਾਰੀ ਸਭਾਵਾਂ ਦੀ ਵਰਤੋਂ ਕੀਤੀਜਾਸਕਦੀਹੈ। ਆਰਗੈਨਿਕ ਸੋਸਾਇਟੀ - ਵੱਧ ਤੋਂ ਵੱਧ ਸਹਿਯੋਗ ਵੱਲ
- ਪ੍ਰਮੁੱਖ ਸਹਿਕਾਰੀ ਸੰਸਥਾਵਾਂ ਜਿਵੇਂ ਜੀਸੀਐੱਮਐੱਮਐੱਫ, ਐਨਏਐਫਈਡੀ, ਐਨਸੀਸੀਐਫ,ਐਨਡੀਡੀਬੀਅਤੇ ਐਨਸੀਡੀਸੀ ਵਰਗੀਆਂ ਜੈਵਿਕ ਸਹਿਕਾਰੀ ਸਭਾਵਾਂ ਬਣਾਉਣ ਲਈ ਮੰਤਰਾਲੇ ਦੀ ਮੁਹਿੰਮ ਨੂੰ ਅੱਗੇ ਵਧਾਉਣ ਲਈ ਅੱਗੇ ਆਈਆਂ ਹਨ।
- ਸੁਸਾਇਟੀ ਕੋਲ 500 ਕਰੋੜ ਰੁਪਏ ਦੀ ਅਧਿਕਾਰਤ ਸ਼ੇਅਰ ਪੂੰਜੀ ਹੋਵੇਗੀ, ਜਿਸ ਦੀ ਸ਼ੁਰੂਆਤੀ ਅਦਾਇਗੀ ਸ਼ੇਅਰ ਪੂੰਜੀ 100 ਕਰੋੜ ਰੁਪਏ ਹੋਵੇਗੀ।
- ਇਸ ਦੇ ਸੰਚਾਲਨ ਦਾ ਖੇਤਰ ਦੇਸ਼ ਭਰ ਵਿੱਚ ਹੋਵੇਗਾ ਜਦਕਿ ਰਜਿਸਟਰਡ ਦਫ਼ਤਰ ਗੁਜਰਾਤ ਦੇ ਆਨੰਦ ਵਿੱਚ ਐਨਡੀਡੀਬੀ ਵਿਖੇ ਹੋਵੇਗਾ।

### ਆਰਗੈਨਿਕ ਸੋਸਾਇਟੀ ਦਾ ਢਾਂਚਾ ਅਤੇ ਲਾਭ

- ਜੈਵਿਕ ਉਤਪਾਦਾਂ ਜਿਵੇਂ ਕਿ ਰਜਿਸਟ੍ਰੇਸ਼ਨ, ਟੈਸਟਿੰਗ, ਖਰੀਦ, ਸਟੋਰੇਜ, ਪ੍ਰੋਸੈਸਿੰਗ, ਬ੍ਰਾਂਡਿੰਗ, ਲੇਬਲਿੰਗ, ਪੈਕੇਜਿੰਗ, ਆਵਾਜਾਈ ਸਹੂਲਤਾਂ, ਮਾਰਕੀਟਿੰਗ ਅਤੇ ਜੈਵਿਕ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇ ਨਿਰਯਾਤ ਲਈ ਸੰਸਥਾਗਤ ਸਹਾਇਤਾ ਦਾ ਪ੍ਰਬੰਧ।
- ਲੋੜੀਂਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਮਾਨਤਾ ਪ੍ਰਾਪਤ ਜੈਵਿਕ ਪ੍ਰਯੋਗਸ਼ਾਲਾਵਾਂ ਅਤੇ ਪ੍ਰਮਾਣੀਕਰਣ ਸੰਸਥਾਵਾਂ ਨੂੰ ਇਕੱਠਾ ਕਰਨਾ।
- ਜੈਵਿਕ ਉਤਪਾਦਾਂ ਦੀ ਪੂਰੀ ਸਪਲਾਈ ਚੇਨ ਦਾ ਪ੍ਰਬੰਧਨ।
- ਏਐਮਯੂਐਲ ਅਤੇ ਹੋਰ ਏਜੰਸੀਆਂ ਦੇ ਬ੍ਰਾਂਡ ਅਤੇ ਮਾਰਕੀਟਿੰਗ ਨੈਟਵਰਕ ਦੀ ਵਰਤੋਂ ਕਰਨਾ ਅਤੇ ਗਲੋਬਲ ਮਾਰਕੀਟ ਵਿੱਚ ਜੈਵਿਕ ਉਤਪਾਦਾਂ ਦੀ ਪਹੁੰਚ ਅਤੇ ਮੰਗ ਨੂੰ ਵਧਾਉਣ।
- ਜੈਵਿਕ ਉਤਪਾਦਕਾਂ ਲਈ ਤਕਨੀਕੀ ਸਲਾਹ, ਸਿਖਲਾਈ ਅਤੇ ਸਮਰੱਥਾ ਨਿਰਮਾਣ ਦੀ ਵਿਵਸਥਾ ਅਤੇ ਜੈਵਿਕ ਉਤਪਾਦਾਂ ਲਈ ਮਾਰਕੀਟ ਇੰਟੈਲੀਜੈਂਸ ਸਿਸਟਮ ਵਿਕਸਿਤ ਕਰਨਾ।
- ਗਲੋਬਲ ਅਤੇ ਘਰੇਲੂ ਬਾਜ਼ਾਰ ਵਿੱਚ ਜੈਵਿਕ ਉਤਪਾਦਾਂ ਦੀ ਮੰਗ ਅਤੇ ਖਪਤ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣਾ।

### ਰਾਸ਼ਟਰੀ ਪੱਧਰੀ ਬਹੁ-ਰਾਜੀ ਬੀਜ ਸਹਿਕਾਰੀ ਸੰਸਥਾ

ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰੀ ਮੰਤਰੀ ਮੰਡਲ ਨੇ ਇੱਕ ਰਾਸ਼ਟਰੀ ਪੱਧਰ ਦੀ ਬਹੁ-ਰਾਜੀ ਬੀਜ ਸਹਿਕਾਰੀ ਸੰਸਥਾ ਬਣਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ। ਇਹ ਮਲਟੀਸਟੇਟ ਕੋਆਪ੍ਰੇਟਿਵ ਸੋਸਾਇਟੀਜ਼ ਐਕਟ 2002 ਤਹਿਤ ਬਣੇਗੀ। ਇਹ ਗੁਣਵੱਤਾ ਵਾਲੇ ਬੀਜ ਉਤਪਾਦਨ, ਖਰੀਦ, ਪ੍ਰੋਸੈਸਿੰਗ, ਬ੍ਰਾਂਡਿੰਗ, ਲੇਬਲਿੰਗ, ਪੈਕੇਜਿੰਗ, ਸਟੋਰੇਜ, ਮਾਰਕੀਟਿੰਗ ਅਤੇ ਵੰਡ, ਆਲੋਚਨਾਤਮਕ ਖੋਜ ਅਤੇ ਵਿਕਾਸ, ਅਤੇ ਦੇਸੀ ਕੁਦਰਤੀ ਬੀਜਾਂ ਦੀ ਸੰਭਾਲ ਅਤੇ ਪ੍ਰਚਾਰ ਲਈ ਇੱਕ ਪ੍ਰਣਾਲੀ ਬਣਾਉਣ ਲਈ ਇੱਕ ਛਤਰੀ ਸੰਸਥਾ ਵਜੋਂ ਕੰਮ ਕਰੇਗੀ। ਇਹ ਸੰਗਠਨ ਦੇਸ਼ ਭਰ ਦੀਆਂ ਸਹਿਕਾਰੀ ਸਭਾਵਾਂ ਅਤੇ ਵੱਖ-ਵੱਖ ਮੰਤਰਾਲਿਆਂ ਦੀ ਮਦਦ ਨਾਲਖਾਸ ਕਰਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਅਤੇ ਰਾਸ਼ਟਰੀ ਬੀਜ ਨਿਗਮਦੀਆਂ ਯੋਜਨਾਵਾਂ ਅਤੇ ਨੀਤੀਆਂ ਦੀ ਮਦਦ ਨਾਲ'ਸਰਕਾਰ ਦੀ ਸੰਪੂਰਨ ਪਹਿਲਕਦਮੀ' ਦੇ ਵਿਚਾਰ 'ਤੇ ਕੰਮ ਕਰੇਗਾ।

ਮਾਨਯੋਗ ਪ੍ਰਧਾਨ ਮੰਤਰੀ ਦਾ ਮੰਨਣਾ ਹੈ ਕਿ ਸਹਿਕਾਰਤਾ ਨੂੰ ਮਜ਼ਬੂਤ ਕਰਨਅਤੇ ਉਨ੍ਹਾਂ ਨੂੰ ਸਫਲ ਕਾਰੋਬਾਰ ਵਿੱਚ ਬਦਲਣ ਲਈ ਕਈ ਤਰ੍ਹਾਂ ਦੇ ਯਤਨ ਕਰਨੇ ਪੈਣਗੇ ਤਾਂ ਜੋ 'ਸਹਿਕਾਰੀ ਤੋਂ ਖੁਸ਼ਹਾਲੀ' ਦੇ ਸੰਕਲਪ ਨੂੰ ਸਾਕਾਰ ਕੀਤਾ ਜਾ ਸਕੇ ਕਿਉਂਕਿ ਸਹਿਕਾਰੀ ਸਮਤੀਆਂ ਖੇਤੀ ਅਤੇ ਇਸਦੇ ਨਾਲ ਜੁੜੇ ਖੇਤਰਾਂ ਵਿੱਚ ਤਬਦੀਲੀਆਂ ਲਿਆ ਸਕਦੀਆਂ ਹਨ।

### ਖੇਤੀ ਵਿਕਾਸ ਲਈ ਮਿਆਰੀ ਬੀਜ ਕਿਉਂ?

- ਭਾਰਤ ਕੋਲ ਦੁਨੀਆ ਦੇ ਸਿਰਫ 2.3% ਭੂਮੀ ਖੇਤਰ ਹੈ, ਫਿਰ ਵੀ ਦੇਸ਼ ਨੇ ਆਪਣੀ ਵਿਸ਼ਾਲ ਆਬਾਦੀ ਜੋ ਕਿ ਵਿਸ਼ਵ ਦੀ ਆਬਾਦੀ ਦਾ 17.7% ਹੈ, ਲਈ ਭੋਜਨ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਹੈ। ਇਸ ਤੱਥ ਦੇ ਮੱਦੇਨਜ਼ਰ ਕਿ ਵਾਹੀਯੋਗ ਜ਼ਮੀਨ ਦਾ ਰਕਬਾ ਨਹੀਂ ਵਧ ਸਕਦਾ, ਇਸ ਲਈ ਮਿਆਰੀ ਬੀਜਾਂ ਦੀ ਮਦਦ ਨਾਲ ਵਾਹੀਯੋਗ ਜ਼ਮੀਨ ਦੀ ਪ੍ਰਤੀ ਯੂਨਿਟ ਉਤਪਾਦਕਤਾ ਵਧਾਉਣ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।
- ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਕੁੱਲ ਉਤਪਾਦਨ ਵਿੱਚ ਗੁਣਵੱਤਾ ਵਾਲੇ ਬੀਜਾਂ ਦਾ ਸਿੱਧਾ ਯੋਗਦਾਨ ਲਗਭਗ 15 ਤੋਂ 20% ਹੈ। ਜੇਕਰ ਬਾਕੀ ਇਨਪੁਟਸ ਨੂੰ ਵੀ ਕੁਸ਼ਲਤਾ ਨਾਲ ਪ੍ਰਬੰਧਿਤ ਕੀਤਾ ਜਾਵੇ ਤਾਂ ਇਸ ਨੂੰ 45% ਤੱਕ ਵਧਾਇਆ ਜਾ ਸਕਦਾ ਹੈ।

### ਗੁਣਵੱਤਾ ਵਾਲੇ ਬੀਜਾਂ ਲਈ ਸਹਿਕਾਰੀ ਕਿਉਂ?

- ਦੇਸ਼ ਵਿੱਚ 8.54 ਲੱਖ ਰਜਿਸਟਰਡ ਸਹਿਕਾਰੀ ਸਭਾਵਾਂ ਹਨ ਜਿਨ੍ਹਾਂ ਦੇ 29

ਕਰੋੜ ਤੋਂ ਵੱਧ ਮੈਂਬਰ ਹਨ। ਕਿਉਂਕਿ ਕਿਸਾਨ ਬੀਜਾਂ ਦੇ ਪ੍ਰਾਇਮਰੀ ਉਤਪਾਦਕ ਅਤੇ ਖਪਤਕਾਰ ਦੋਵੇਂ ਹਨ ਅਤੇ ਜ਼ਿਆਦਾਤਰ ਭਾਰਤੀ ਕਿਸਾਨ ਘੱਟੋ-ਘੱਟ ਇੱਕ ਸਹਿਕਾਰੀ ਦੇ ਮੈਂਬਰ ਹਨ, ਇਸ ਲਈ ਇਹਨਾਂ ਸਹਿਕਾਰੀ ਸਭਾਵਾਂ ਨੂੰ ਸੰਸਥਾਗਤ ਸਹਾਇਤਾ ਲੋੜੀਂਦੀ ਬੀਜ ਬਦਲਣ ਦੀ ਦਰ ਅਤੇ ਵੇਰੀਏਟਲ ਰਿਪਲੇਸਮੈਂਟ ਦਰ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀ ਹੈ।

- ਅਜਿਹੀ ਸਥਿਤੀ ਵਿੱਚ, ਕਿਸਾਨਾਂ ਵਿੱਚ ਸਹਿਕਾਰੀ ਸਭਾਵਾਂ ਦੇ ਵਿਸ਼ਾਲ ਮੈਂਬਰਸ਼ਿਪ ਅਧਾਰ ਨੂੰ ਦੇਖਦੇ ਹੋਏ, ਇਸਦੀ ਵਰਤੋਂ ਉਤਪਾਦਨ ਦੇ ਵਿਸਥਾਰ, ਜਾਂਚ ਸਹੂਲਤਾਂ ਦੀ ਵੰਡ ਅਤੇ ਬੀਜ ਦੀਆਂ ਕਿਸਮਾਂ ਦੀ ਪਰਖ ਲਈ ਕੀਤੀ ਜਾ ਸਕਦੀ ਹੈ।

### ਇੱਕ ਬੀਜ ਸੰਸਥਾ ਸਥਾਪਤ ਕਰਨ ਪਿੱਛੇ ਪ੍ਰੇਰਨਾ

- ਮਕਸਦ ਇਹ ਹੈ ਕੀ ਮਲਟੀ ਸਟੇਟ ਕੋਆਪ੍ਰੇਟਿਵ ਸੋਸਾਇਟੀਜ਼ ਐਕਟ 2002 ਦੇ ਤਹਿਤ ਇੱਕ ਰਾਸ਼ਟਰੀ ਪੱਧਰ ਦੀ ਬਹੁ-ਰਾਜੀ ਸਹਿਕਾਰੀ ਬੀਜ ਸੋਸਾਇਟੀ ਬਣੇ ਤਾਂਕਿ ਆਪਣੇ ਨਾਮ ਨਾਲ ਗੁਣਵੱਤਾ ਵਾਲੇ ਬੀਜਾਂ ਦਾ ਉਤਪਾਦਨ, ਖਰੀਦ, ਪ੍ਰਕਿਰਿਆ, ਬ੍ਰਾਂਡਿੰਗ, ਲੇਬਲਿੰਗ, ਪੈਕੇਜਿੰਗ, ਸਟੋਰੇਜ, ਮਾਰਕੀਟਿੰਗ ਅਤੇ ਵੰਡਣ ਲਈ ਕੀਤਾ ਜਾ ਸਕੇ।

### ਬੀਜ ਸੁਸਾਇਟੀ ਦਾ ਪ੍ਰਬੰਧਨ

- ਪ੍ਰਮੁੱਖ ਰਾਸ਼ਟਰੀ ਸਹਿਕਾਰੀ ਸੰਸਥਾਵਾਂ – ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਸਕੋਆਪਰੇਟਿਵ ਲਿਮਟਿਡ, ਕ੍ਰਿਸ਼ਕ ਭਾਰਤੀ ਕੋਆਪਰੇਟਿਵ ਲਿਮਟਿਡ ਅਤੇ ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ ਲਿਮਟਿਡ ਅਤੇ ਦੋ ਹੋਰ ਸੰਸਥਾਵਾਂ ਨੈਸ਼ਨਲ ਡੇਅਰੀ ਵਿਕਾਸ ਬੋਰਡ ਅਤੇ ਰਾਸ਼ਟਰੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਨੇ ਵਰਗੇ ਹਰੇਕ ਨੇ 50 ਕਰੋੜ ਰੁਪਏ ਦਾ ਯੋਗਦਾਨਦੇ ਨਾਲ ਬੀਜ ਸਹਿਕਾਰੀ ਸਭਾ ਦੇ ਪ੍ਰਮੋਟਰ ਮੈਂਬਰ ਬਣਨ ਦਾ ਫੈਸਲਾ ਕੀਤਾ ਹੈ।
- ਸੁਸਾਇਟੀ ਕੋਲ 500 ਕਰੋੜ ਰੁਪਏ ਦੀ ਅਧਿਕਾਰਤ ਸ਼ੇਅਰ ਪੂੰਜੀ ਹੋਵੇਗੀ ਅਤੇ 250 ਕਰੋੜ ਰੁਪਏ ਦੀ ਸ਼ੁਰੂਆਤੀ ਅਦਾਇਗੀ ਸ਼ੇਅਰ ਪੂੰਜੀ ਨਾਲ ਸਥਾਪਿਤ ਕੀਤੀ ਜਾਵੇਗੀ।
- ਇਹ ਸ਼ੇਅਰ ਪੂੰਜੀ, ਦਾਖਲਾ ਅਤੇ ਹੋਰ ਫੀਸਾਂ, ਕਰਜ਼ੇ, ਨਕਦ ਕ੍ਰੈਡਿਟ, ਵਪਾਰਕ ਕਾਗਜ਼ਾਤ, ਬੈਂਕ ਓਵਰਡਰਾਫਟ / ਐੱਫ.ਆਈ., ਕੇਂਦਰ ਅਤੇ ਰਾਜ ਸਰਕਾਰਾਂ ਤੋਂ ਗ੍ਰਾਂਟ-ਇਨ-ਏਡ ਅਤੇ ਸਬਸਿਡੀਆਂ,ਮੈਂਬਰਜ ਦੇਸ਼ ਦੇ ਅੰਦਰ ਅਤੇ ਬਾਹਰਲੇ ਮੈਂਬਰਾਂ ਜਾਂ ਸੰਸਥਾਵਾਂ ਤੋਂ ਦਾਨ/ਯੋਗਦਾਨ ਅਤੇ ਲਾਭਦੇ ਜਰੀਏ ਫੰਡ ਇਕੱਠਾ ਕਰੇਗੀ।
- ਆਈਸੀਏਆਰ ਪ੍ਰਸਤਾਵਿਤ ਸੰਸਥਾ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ ਬਰੀਡਰ ਬੀਜ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਲਈ ਸਹਿਮਤ ਹੋ ਗਿਆ ਹੈ।

### ਸੰਗਠਨ ਦੇ ਕਾਰਜ ਅਤੇ ਦਾਇਰੇ

- ਪ੍ਰਸਤਾਵਿਤ ਸੁਸਾਇਟੀ ਪ੍ਰਾਇਮਰੀ ਐਗਰੀਕਲਚਰਲ ਕੋਆਪ੍ਰੇਟਿਵ ਸੋਸਾਇਟੀਆਂ (ਪੀਏਸੀਐਸ), ਮਲਟੀ ਸਟੇਟ ਕੋਆਪ੍ਰੇਟਿਵ ਸੋਸਾਇਟੀਆਂ (ਐਮਐਸਸੀਐਸ) ਅਤੇ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਫੈਡਰੇਸ਼ਨਾਂ ਦੀ ਮਦਦ ਨਾਲ ਕੰਮ ਕਰੇਗੀ। ਇਹ ਐਸਆਰਆਰ ਅਤੇ ਵੀਆਰਆਰ ਨੂੰ ਵਧਾਉਣ ਲਈ ਵੱਖ-ਵੱਖ ਸਹਿਕਾਰੀ ਢਾਂਚੇ ਅਤੇ ਹੋਰ ਸਾਧਨਾਂ ਦੀ ਵਰਤੋਂ ਕਰੇਗਾ। ਇਸ ਵਿੱਚ ਗੁਣਵੱਤਾ ਵਾਲੇ ਬੀਜਾਂ ਦੇ ਉਤਪਾਦਨ, ਬੀਜ ਦੀਆਂ ਕਿਸਮਾਂ ਦੀ ਪਰਖ, ਸਿੰਗਲ ਬ੍ਰਾਂਡ ਨਾਮ ਹੇਠ ਪ੍ਰਮਾਣਿਤ ਬੀਜਾਂ ਦੇ ਉਤਪਾਦਨ ਅਤੇ ਵੰਡ ਵਿੱਚ ਕਿਸਾਨਾਂ ਦੀ ਭੂਮਿਕਾ ਨੂੰ ਯਕੀਨੀ ਬਣਾਇਆ ਜਾਵੇਗਾ।
- ਇਸਦੇ ਕੰਮ ਦਾ ਦਾਇਰਾ ਪੂਰੇ ਦੇਸ਼ ਵਿੱਚ ਹੋਵੇਗਾ। ਸ਼ੁਰੂ ਵਿੱਚ ਰਜਿਸਟਰਡ ਦਫ਼ਤਰ ਨਵੀਂ ਦਿੱਲੀ ਵਿਖੇ ਹੋਵੇਗਾ।
- ਪ੍ਰਾਇਮਰੀ ਜਾਂ ਰਾਸ਼ਟਰੀ ਕਿਸੇ ਵੀ ਪੱਧਰ ਦੇ ਸਹਿਕਾਰੀ ਅਦਾਰੇ ਜੋ ਬੀਜ ਕਾਰੋਬਾਰ ਵਿੱਚ ਦਿਲਚਸਪੀ ਰੱਖਦੇ ਹਨ, ਉਹ ਇਸ ਸੰਸਥਾ ਦੇ ਮੈਂਬਰ ਬਣਨ ਦੇ ਯੋਗ ਹੋਣਗੇ।
- ਸੋਸਾਇਟੀ ਨੂੰ ਐਮਐਸਸੀਐਸ ਐਕਟ ਅਤੇ ਨਿਯਮ 2002 ਅਤੇ ਸੋਸਾਇਟੀ ਦੇ ਉਪ-ਨਿਯਮਾਂ ਅਨੁਸਾਰ ਮੁੱਖ ਕਾਰਜਕਾਰੀ ਅਧਿਕਾਰੀ ਦੀ ਮਦਦ ਨਾਲ ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਨਿਯੰਤਰਿਤ ਕੀਤਾ ਜਾਵੇਗਾ। ਇਹ ਆਪਣੇ ਮੈਂਬਰਾਂ ਪ੍ਰਤੀ ਜਵਾਬਦੇਹ ਹੋਵੇਗਾ।
- ਸੋਸਾਇਟੀ ਆਪਣੀਆਂ ਗਤੀਵਿਧੀਆਂਵਿੱਚ ਤਿੰਨ ਪੀੜ੍ਹੀਆਂ ਦੇਬੀਜਾਂ ਬਰੀਡਰ, ਫਾਊਂਡੇਸ਼ਨ ਅਤੇ ਪੀਏਸੀ ਦੇ ਜਰੀਏਪ੍ਰਮਾਣੀਕਰਣਦੇ ਉਤਪਾਦਨ, ਪਰੀਖਣ, ਪਰ੍ਮਾਣੀਕਰਨ, ਖਰੀਦ, ਪ੍ਰੋਸੈਸਿੰਗ, ਭੰਡਾਰਨ, ਬ੍ਰਾਂਡਿੰਗ, ਲੇਬਲਿੰਗ ਅਤੇ ਬੀਜਾਂ ਦੀਆਂ ਪੈਕੇਜਿੰਗ 'ਤੇ ਧਿਆਨ ਦਵੇਗੀ।

### ਸੰਗਠਨ ਦੇ ਲਾਭ

- ਬੀਜ ਸਹਿਕਾਰੀ ਸਭਾ ਇਹ ਯਕੀਨੀ ਬਣਾਏਗੀ ਕਿ 29 ਕਰੋੜ ਛੋਟੀਆਂ ਅਤੇ ਸੀਮਾਂਤ ਜ਼ਮੀਨਾਂ ਵਾਲੇ ਸਹਿਕਾਰੀ ਕਿਸਾਨ ਮੈਂਬਰਾਂ ਨੂੰ ਰਵਾਇਤੀ ਕੁਦਰਤੀ ਬੀਜਾਂ ਦੇ ਉਤਪਾਦਨ, ਵੰਡ, ਮੰਡੀਕਰਨ ਅਤੇ ਸੰਭਾਲ ਤੋਂ ਲਾਭ ਮਿਲੇ। ਸੰਸਥਾ ਬੀਜ ਪਰਖ ਸਹੂਲਤਾਂ ਅਤੇ ਕਿਸਮਾਂ ਦੀ ਪਰਖ ਵਿੱਚ ਸੁਧਾਰ ਕਰਕੇ ਇਹ ਟੀਚਾ ਪ੍ਰਾਪਤ ਕਰੇਗੀ।
- ਸਮਾਜ ਨੂੰ ਮਿਆਰੀ ਬੀਜ ਉਤਪਾਦਨ, ਖਰੀਦ, ਪ੍ਰੋਸੈਸਿੰਗ, ਪੈਕਿੰਗ, ਮੰਡੀਕਰਨ ਆਦਿ ਤੋਂ ਜੋ ਵੀ ਮੁਨਾਫ਼ਾ ਮਿਲੇਗਾ, ਉਸ ਦਾ ਇੱਕ ਹਿੱਸਾ ਆਪਣੇ ਕੋਲ ਰੱਖ ਕੇ, ਸੁਸਾਇਟੀ ਦੇ ਉਪ-ਨਿਯਮਾਂ ਅਨੁਸਾਰ ਸੁਸਾਇਟੀ ਆਪਣੇ ਸਾਥੀ ਕਿਸਾਨ ਮੈਂਬਰਾਂ ਨੂੰ ਟ੍ਰਾਂਸਫਰ ਕਰੇਗੀ।
- ਸੁਸਾਇਟੀ ਗੁਣਵੱਤਾ ਵਾਲੇ ਬੀਜਾਂ ਦੇ ਉਤਪਾਦਨ, ਪ੍ਰੋਸੈਸਿੰਗ, ਸਟੋਰੇਜ, ਮਾਰਕੀਟਿੰਗ ਅਤੇ ਵੰਡ ਵਿੱਚ ਸਹਿਕਾਰੀ ਸੰਸਥਾਵਾਂ ਦੀ ਸਮਰੱਥਾ ਨੂੰ ਵਧਾਏਗੀ। ਇਸ ਨਾਲ ਖੇਤੀ ਉਤਪਾਦਕਤਾ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਪੇਂਡੂ ਆਰਥਿਕਤਾ ਦਾ ਸਰਵਪੱਖੀ ਵਿਕਾਸ ਹੋਵੇਗਾ।
- ਸੋਸਾਇਟੀ ਸੀਡ ਰਿਪਲੇਸਮੈਂਟ ਰੇਟ (ਐੱਸ.ਆਰ.ਆਰ.), ਵੈਰਾਇਟੀ ਰਿਪਲੇਸਮੈਂਟ ਰੇਟ (ਵੀ.ਆਰ.ਆਰ.), ਗੁਣਵੱਤਾ ਵਾਲੇ ਬੀਜਾਂ ਦੇ ਉਤਪਾਦਨ ਨੂੰ ਵਧਾਉਣ ਅਤੇ ਬੀਜਾਂ ਦੀਆਂ ਕਿਸਮਾਂ ਦੇ ਟਰਾਇਲਾਂ ਵਿੱਚ ਕਿਸਾਨਾਂ ਦੀ ਭਾਗੀਦਾਰੀ, ਇੱਕ ਸਿੰਗਲ ਬ੍ਰਾਂਡ ਨਾਮ ਨਾਲ ਪ੍ਰਮਾਣਿਤ ਬੀਜਾਂ ਦੇ ਉਤਪਾਦਨ ਅਤੇ ਵੰਡ ਲਈ ਕੰਮ ਕਰੇਗੀ। ਇਸ ਕੰਮ ਵਿੱਚ ਹਰ ਪੱਧਰ ਦੀਆਂ ਸਹਿਕਾਰੀ ਸੰਸਥਾਵਾਂ ਦਾ ਨੈੱਟਵਰਕ ਵਰਤਿਆ ਜਾਵੇਗਾ। ਜੇਕਰ ਮਿਆਰੀ ਬੀਜਾਂ ਦੀ ਉਪਲਬਧਤਾ ਵਧਦੀ ਹੈ ਤਾਂ ਦੇਸ਼ ਵਿੱਚ ਖੇਤੀ ਉਤਪਾਦਕਤਾ ਵੀ ਵਧੇਗੀ, ਜਿਸ ਨਾਲ ਖੁਰਾਕ ਸੁਰੱਖਿਆ ਮਜ਼ਬੂਤ ਹੋ ਵੇਗੀਅਤੇਕਿਸਾਨਾਂਦੀਆਮਦਨਵਿੱਚਵਾਧਾਹੋਵੇਗਾ।
- ਨੈਸ਼ਨਲ ਕੋਆਪ੍ਰੇਟਿਵ ਯੂਨੀਅਨ ਆਫ ਇੰਡੀਆ (ਐਨਸੀਯੂਆਈ) ਦੁਆਰਾ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ, ਸਹਿਕਾਰੀ ਖੇਤਰ ਤੋਂ ਲਗਭਗ 13.30% ਸਿੱਧੇ ਰੁਜ਼ਗਾਰ ਪੈਦਾ ਹੁੰਦੇ ਹਨ। ਪ੍ਰਸਤਾਵਿਤ ਸੋਸਾਇਟੀ ਰਾਹੀਂ ਮਿਆਰੀ ਬੀਜ ਪੈਦਾ ਕਰਕੇ ਦੇਸ਼ ਵਿੱਚ ਖੇਤੀ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਨਾਲ ਖੇਤੀਬਾੜੀ ਅਤੇ ਸਹਿਕਾਰੀ ਖੇਤਰ ਵਿੱਚ ਵਧੇਰੇ ਰੁਜ਼ਗਾਰ ਪੈਦਾ ਹੋਵੇਗਾ। ਗੁਣਵੱਤਾ ਵਾਲੇ ਬੀਜਾਂ ਦੀ ਪ੍ਰੋਸੈਸਿੰਗ, ਮਾਰਕੀਟਿੰਗ ਅਤੇ ਵੰਡ ਨਾਲ ਇਨ੍ਹਾਂ ਖੇਤਰਾਂ ਵਿੱਚ ਰੁਜ਼ਗਾਰ ਦੇ ਵਾਧੂ ਮੌਕੇ ਪੈਦਾ ਹੋਣਗੇ, ਜਿਸ ਨਾਲ ਪੇਂਡੂ ਆਰਥਿਕਤਾ ਮਜ਼ਬੂਤ ਹੋਵੇ ਗੀ।ਇਸਨਾਲਮੇਕਇਨਇੰਡੀਆਨੂੰਹੁਲਾਰਾਮਿਲੇਗਾ, ਜਿਸ ਨਾਲ ਆਤਮ-ਨਿਰਭਰ ਭਾਰਤ ਬਣੇਗਾ।
- ਇਸ ਨਾਲ ਸਹਿਯੋਗ ਤੋਂ ਖੁਸ਼ਹਾਲੀ ਦਾ ਟੀਚਾ ਵੀ ਹਾਸਲ ਕੀਤਾ ਜਾਵੇਗਾ। ਸਹਿਕਾਰੀ ਸਭਾਵਾਂ ਦੇ ਸਮੁੱਚੇ ਵਿਕਾਸ ਮਾਡਲ ਰਾਹੀਂ ਇਸ ਦੇ ਮੈਂਬਰ ਵਧੀਆ ਭਾਅ ਪ੍ਰਾਪਤ ਕਰ ਸਕਣਗੇ। ਉਨ੍ਹਾਂ ਨੂੰ ਮਿਆਰੀ ਬੀਜਾਂ ਦੇ ਉਤਪਾਦਨ, ਉੱਚ ਉਪਜ ਵਾਲੇ ਬੀਜਾਂ ਦੀ ਵਰਤੋਂ ਕਰਕੇ ਵੱਧ ਫਸਲਾਂ ਦੀ ਪੈਦਾਵਾਰ ਅਤੇ ਸਮਾਜ ਦੇ ਸਰਪਲੱਸ ਤੋਂ ਲਾਭਅੰਸ਼ ਦਾ ਲਾਭ ਵੀ ਮਿਲੇਗਾ।
- ਸਹਿਕਾਰੀ ਸਭਾਵਾਂ ਦੇ 29 ਕਰੋੜ ਮੈਂਬਰ ਜੋਕਿ ਆਮ ਤੌਰ 'ਤੇ ਪੇਂਡੂ ਖੇਤਰਾਂ ਦੇ ਕਿਸਾਨ ਭਾਈਚਾਰੇ, ਸੀਮਾਂਤ ਅਤੇ ਘੱਟ ਆਮਦਨੀ ਸਮੂਹ ਤੋਂ ਹਨ, ਨੂੰ ਲਾਭ ਮਿਲੇਗਾ ।

### ਇਤਿਹਾਸਕਐਮਓਯੂ ਤੇ ਹਸਤਾਖਰ – ਸੀਐਸਸੀ ਦੀ 300 ਤੋਂ ਵੱਧ ਈ-ਸੇਵਾਵਾਂ ਪੀਏਸੀ ਪ੍ਰਦਾਨ ਕਰਨਗੀਆਂ



ਮਾਨਯੋਗ ਪ੍ਰਧਾਨ ਮੰਤਰੀ ਦੇ ਸਹਿਕਾਰੀ ਖੁਸ਼ਹਾਲੀ ਦੇ ਵਿਜ਼ਨ ਨੂੰ ਪੂਰਾ ਕਰਨ ਵੱਲ ਇੱਕ ਇਤਿਹਾਸਕ ਕਦਮ ਚੁੱਕਦੇ ਹੋਏ, 2 ਫਰਵਰੀ 2023 ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਅਤੇ ਕੇਂਦਰੀ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਦੀ ਮੌਜੂਦਗੀ ਵਿੱਚ ਇੱਕ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ ਗਏ। ਇਸ ਨਾਲ ਪ੍ਰਾਇਮਰੀ ਐਗਰੀਕਲਚਰਲ ਕ੍ਰੈਡਿਟ ਸੋਸਾਇਟੀਆਂ (ਪੀਏਸੀਐਸ) ਨੂੰ ਕਾਮਨ ਸਰਵਿਸ ਸੈਂਟਰਾਂ (ਸੀਐਸਸੀਐਸ) ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਬਣਾਏਗਾ। ਨਵੀਂ ਦਿੱਲੀ ਵਿੱਚ ਕੇਂਦਰੀ ਸਹਿਕਾਰਤਾ ਮੰਤਰਾਲੇ, ਕੇਂਦਰੀ ਇਲੈਕਟ੍ਰੋਨਿਕਸ ਅਤੇ ਸੂਚਨਾ ਮੰਤਰਾਲੇ, ਨਾਬਾਰਡ ਅਤੇ ਸੀਐਸਸੀ ਈ-ਗਵਰਨੈਂਸ ਸਰਵਿਸਿਜ਼ ਇੰਡੀਆ ਲਿਮਟਿਡ ਵਿਚਕਾਰ ਸਹਿਮਤੀ ਪੱਤਰ 'ਤੇ ਹਸਤਾਖਰ ਕੀਤੇ ਗਏ। ਇਸ ਮੌਕੇ 'ਤੇ ਸਹਿਕਾਰਤਾ ਰਾਜ ਮੰਤਰੀ ਬੀ ਐਲ ਵਰਮਾ, ਸਹਿਕਾਰਤਾ ਮੰਤਰਾਲੇ ਅਤੇ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਸਕੱਤਰ, ਸਹਿਕਾਰਤਾ ਮੰਤਰਾਲੇ, ਨਾਬਾਰਡ ਅਤੇ ਐਨਸੀਡੀਸੀ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਆਪਣੇ ਸੰਬੋਧਨ ਵਿੱਚ ਸਹਿਕਾਰਤਾ ਮੰਤਰੀ ਨੇ ਕਿਹਾ ਕਿ ਪੀ.ਏ.ਸੀ ਸਹਿਕਾਰੀ ਖੇਤਰ ਦੀ ਆਤਮਾ ਹਨ। ਇਨ੍ਹਾਂ ਨੂੰ ਬਹੁ-ਮੰਤਵੀ ਬਣਾ ਕੇ 20 ਦੇ ਕਰੀਬ ਸੇਵਾਵਾਂ ਪ੍ਰਦਾਨ ਕਰਨ ਵਾਲੇ ਬਣਾ ਕੇ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਉਨ੍ਹਾਂ

ਕਿਹਾ ਕਿ ਪੇਂਡੂ ਅਤੇ ਖੇਤੀਬਾੜੀ ਵਿਕਾਸ ਵਿੱਚ ਪੀਏਸੀ ਦੀ ਭੂਮਿਕਾ ਅਤੇ ਯੋਗਦਾਨ ਬਹੁਤ ਮਹੱਤਵਪੂਰਨ ਹੈ। ਸਮਝੌਤੇ ਨੂੰ ਸਾਰਿਆਂ ਲਈ ਲਾਹੇਵੰਦ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਕਦਮ ਸਹਿਕਾਰੀ ਅਤੇ ਕਿਸਾਨਾਂ ਦੋਵਾਂ ਨੂੰ ਮਜ਼ਬੂਤ ਕਰੇਗਾ।ਇਸ ਨਾਲ ਦੇਸ਼ ਦੀ ਸਭ ਤੋਂ ਛੋਟੀ ਇਕਾਈ ਤੱਕ ਵੀ ਸੀਐਸਸੀ ਆਸਾਨੀ ਨਾਲ ਪਹੁੰਚ ਜਾਵੇਗੀ। ਇਸ ਐਮਓਯੂ ਨਾਲ ਪੀਏਸੀ ਸੀਐਸਸੀ ਵਾਂਗ ਕੰਮ ਕਰ ਸਕੇਗੀ। ਇੰਨਾ ਹੀ ਨਹੀਂ, ਪੀਏਸੀ ਦੇ 13 ਕਰੋੜ ਕਿਸਾਨ ਮੈਂਬਰਾਂ ਸਮੇਤ 300 ਤੋਂ ਵੱਧ ਸੇਵਾਵਾਂ ਪੇਂਡੂ ਆਬਾਦੀ ਤੱਕ ਪਹੁੰਚਣਗੀਆਂ। ਇਹ ਪੀਏਸੀ ਦੀਆਂ ਵਪਾਰਕ ਗਤੀਵਿਧੀਆਂ ਨੂੰ ਵਧਾਏਗਾ ਅਤੇ ਇਸਨੂੰ ਸਵੈ-ਨਿਰਭਰ ਬਣਾਏਗਾ।ਇਸ ਉਦੇਸ਼ ਨਾਲ, ਪੀਏਸੀ ਹੁਣ ਨਾਗਰਿਕਾਂ ਨੂੰ ਸੀਐਸਸੀ ਸਕੀਮ ਦੇ ਡਿਜੀਟਲ ਸੇਵਾ ਪੋਰਟਲ ‘ਤੇ ਰਜਿਸਟਰਡ ਸਾਰੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਹੋ ਜਾਵੇਗਾ। ਇਨ੍ਹਾਂ ਵਿੱਚ ਬੈਂਕਿੰਗ, ਬੀਮਾ, ਆਧਾਰ ਨਾਮਾਂਕਣ/ਅੱਪਡੇਟ, ਕਾਨੂੰਨੀ ਸੇਵਾਵਾਂ, ਖੇਤੀ ਉਪਕਰਣ, ਪੈਨ ਕਾਰਡ, ਆਈਆਰਸੀਟੀਸੀ, ਰੇਲ, ਬੱਸ, ਹਵਾਈ ਟਿਕਟਾਂ ਆਦਿ ਨਾਲ ਸਬੰਧਤ ਸੇਵਾਵਾਂ ਸ਼ਾਮਲ ਹੋਣਗੀਆਂ। ਕੇਂਦਰੀ ਸਹਿਕਾਰਤਾ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਕੇਂਦਰੀ ਸਕੀਮ ਅਧੀਨ ਤਿਆਰ ਕੀਤੇ ਜਾ ਰਹੇ ਰਾਸ਼ਟਰੀ ਸਾਫਟਵੇਅਰ ਦੀ ਵਰਤੋਂ ਪੀਏਸੀ ਲਈ ਸੀਐਸਸੀ ਵਾਂਗ ਕੰਮ ਕਰਨ ਲਈ ਕੀਤੀ ਜਾ ਸਕਦੀ ਹੈ। ਇਹ ਬਹੁਤ ਵੱਡੀ ਉਪਲੱਬਧੀ ਹੋਵਗੀ।

ਸਰੋਤ: ਪੀ.ਆਈ.ਬੀ

## ਐਨਸੀਯੂਆਈ ਵਿੱਚ ਐਨਸੀਪੀ ਪੈਨਲ ਦੀ ਮੀਟਿੰਗ: ਨਵੇਂ ਐਨਸੀਪੀ ਡਰਾਫਟ ਵਿੱਚ ਸਹਿਕਾਰੀ ਭਰਤੀ ਬੋਰਡ ਅਤੇ ਸਹਿਕਾਰੀ ਟ੍ਰਿਬਿਊਨਲ ਦਾ ਪ੍ਰਸਤਾਵ ਕੀਤਾ ਜਾ ਸਕਦਾ ਹੈ




ਐਨਸੀਪੀ ਪੈਨਲ ਨੇ ਨਵੀਂ ਰਾਸ਼ਟਰੀ ਸਹਿਕਾਰੀ ਨੀਤੀ (ਐਨਸੀਪੀ) ਦਸਤਾਵੇਜ਼ ਦਾ ਖਰੜਾ ਤਿਆਰ ਕਰਨ ਲਈ 24 ਜਨਵਰੀ 2023 ਨੂੰ ਆਪਣੀ 6ਵੀਂ ਰਾਸ਼ਟਰੀ ਪੱਧਰੀ ਕਮੇਟੀ ਦੀ ਮੀਟਿੰਗ ਕੀਤੀ। ਸਾਬਕਾ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਦੀ ਪ੍ਰਧਾਨਗੀ ਹੇਠ ਐਨਸੀਯੂਆਈ ਹੈੱਡਕੁਆਰਟਰ ਵਿਖੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਕੁਝ ਮਹੱਤਵਪੂਰਨ ਸੁਝਾਅ ਸਾਹਮਣੇ ਆਏ, ਜਿਨ੍ਹਾਂ ਵਿੱਚ ਰਾਸ਼ਟਰੀ ਸਹਿਕਾਰੀ ਆਡਿਟ ਅਤੇ ਲੇਖਾ ਬੋਰਡ ਜਾਂ ਰਾਸ਼ਟਰੀ ਸਹਿਕਾਰੀ ਟ੍ਰਿਬਿਊਨਲ ਅਤੇ ਰਾਸ਼ਟਰੀ ਸਹਿਕਾਰੀ ਭਰਤੀ ਬੋਰਡ ਦਾ ਗਠਨ ਸ਼ਾਮਲ ਹੈ। ਇਹ ਸਾਰੇ ਕ੍ਰਾਂਤੀਕਾਰੀ ਵਿਚਾਰਾਂ ਅਤੇ ਪੈਨਲ ਦੇ ਮੈਂਬਰਾਂ ਦੇ ਸੁਝਾਵਾਂ ਨੂੰ ਅੰਤਮ ਐਨਸੀਪੀ ਡਰਾਫਟ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ।

ਐਨਸੀਯੂਆਈ ਦੇ ਪ੍ਰਧਾਨ ਦਿਲੀਪ ਸੰਘਾਣੀ, ਕ੍ਰਿਭਕੋ ਦੇ ਐਮਡੀ ਰਾਜਨ ਚੌਧਰੀ, ਆਰਬੀਆਈ ਸੈਂਟਰਲ ਬੋਰਡ ਦੇ ਡਾਇਰੈਕਟਰ ਸਤੀਸ਼ ਮਰਾਠੇ, ਐਨਏਐਫਸੀਯੂਬੀ ਦੇ ਪ੍ਰਧਾਨ ਜਯੋਤਿੰਦਰ ਮਹਿਤਾ, ਵੀਏਐਮਐਨਆਈਸੀਓਐਮ ਡਾਇਰੈਕਟਰ ਹੇਮਾ ਯਾਦਵ, ਐਨਐਫਸੀਐਸਐਫ ਦੇ ਐਮਡੀ ਪ੍ਰਕਾਸ਼ ਨਾਇਕਨਵਾਰੇ, ਨਾਬਾਰਡ ਦੇ ਚੇਅਰਮੈਨ ਸ਼ਾਜੀ ਕੇਵੀ, ਉਦੈਪੁਰ ਦੁੱਧ ਉਤਪਾਦਕ ਸਹਿਕਾਰੀ ਯੂਨੀਅਨ ਦੇ ਮੈਂਬਰ ਅਤੇ ਪਟੇਲ ਯੂਨੀਅਨ ਦੇ ਹੋਰ ਮੈਂਬਰਾਂ ਨੇ ਪੈਨਲ ਮੀਟਿੰਗ ਵਿੱਚ ਹਿੱਸਾ ਲਿਆ।

ਨਵੇਂ ਐਨਸੀਪੀ ਡਰਾਫਟ ਵਿੱਚ ਨੈਸ਼ਨਲ ਕੋਆਪਰੇਟਿਵ ਬੈਂਕ ਆਫ ਇੰਡੀਆ ਦੇ ਗਠਨ ਦਾ ਵੀ ਪ੍ਰਸਤਾਵ ਕਰਦਾ ਹੈ। ਇਹ ਐਨਏਬੀਏਆਰਡੀ ਵਾਂਗ ਕੰਮ ਕਰੇਗਾ। ਡਰਾਫਟ ਨੀਤੀ ਦਸਤਾਵੇਜ਼ ਵਿੱਚ ਵਿਕਾਸ ਵਿੱਤੀ ਸੰਸਥਾ, ਰਾਸ਼ਟਰੀ ਸਹਿਕਾਰੀ ਯੂਨੀਵਰਸਿਟੀ, ਸੈਂਟਰ ਫਾਰ ਐਕਸੀਲੈਂਸ, ਨੈਸ਼ਨਲ ਕੋਆਪਰੇਟਿਵ ਆਡਿਟ ਅਤੇ ਲੇਖਾ ਬੋਰਡ, ਨੈਸ਼ਨਲ ਐਕਸਪੋਰਟ ਮਲਟੀਸਟੇਟ ਕੋਆਪਰੇਟਿਵ ਸੁਸਾਇਟੀ ਅਤੇ ਹੋਰਾਂ ਸਮੇਤ ਕਈ ਹੋਰ ਸੰਸਥਾਵਾਂ ਦੀ ਸਥਾਪਨਾ ਦਾ ਪ੍ਰਸਤਾਵ ਹੈ। ਨਵੇਂ ਐਨਸੀਪੀ 2022 ਦਾ ਖਰੜਾ ਅਗਲੇ 25 ਸਾਲਾਂ ਲਈ 2024 ਤੋਂ 2047 ਤੱਕ ਦਾ ਰੋਡਮੈਪ ਦਿੰਦਾ ਹੈ। ਇਹ 2.5 ਲੱਖ ਸਰਗਰਮ ਪੀਏਸੀਐਸ ਦਾ ਕੰਪਿਊਟਰੀਕਰਨ ਕਰੇਗਾ, ਉਹਨਾਂ ਨੂੰ ਇੱਕ ਸਾਂਝੇ ਰਾਸ਼ਟਰੀ ਪਲੇਟਫਾਰਮ ‘ਤੇ ਲਿਆਏਗਾ ਅਤੇ ਰਾਸ਼ਟਰੀ ਸਹਿਕਾਰੀ ਡੇਟਾਬੇਸ ਨੂੰ ਸਾਰੇ ਹਿੱਸੇਦਾਰਾਂ ਨਾਲ ਏਕੀਕ੍ਰਿਤ ਕਰੇਗਾ। ਇਸ ਦੇ ਨਾਲ ਹੀ 2047 ਤੱਕ 6 ਲੱਖ ਨਵੇਂ ਪੀਏਸੀ, ਡੇਅਰੀ ਅਤੇ ਮੱਛੀ ਪਾਲਣ ਸਹਿਕਾਰੀ ਬਣਾਉਣ ਦੀ ਯੋਜਨਾ ਵੀ ਐਨਸੀਪੀ ਦੇ ਖਰੜੇ ਵਿੱਚ ਹੈ। ਇਸ ਡਰਾਫਟ ਵਿੱਚ 50 ਕਰੋੜ ਬੋਰਡ ਮੈਂਬਰਾਂ ਅਤੇ ਹੋਰਾਂ ਨੂੰ ਸਿਖਲਾਈ ਦੇਣ ਦੀ ਗੱਲ ਵੀ ਕੀਤੀ ਗਈ ਹੈ।

ਸਰੋਤ : indiancooperative.com

## ਗਾਂਧੀਨਗਰ ਵਿੱਚ ਬੀ20 ਇੰਡੀਆ ਇਨਸੈਪਸ਼ਨ ਮੀਟ



ਗੁਜਰਾਤ ਦੇ ਗਾਂਧੀਨਗਰ ਵਿੱਚ ਹਾਲ ਹੀ ਵਿੱਚ ਤਿੰਨ ਦਿਨਾਂ ਬੀ20 ਇੰਡੀਆ ਮੀਟ ਆਯੋਜਿਤ ਕੀਤੀ ਗਈ।ਇਸ ਮੀਟਿੰਗ ਵਿੱਚ ਆਈਸੀਏ-ਏਪੀ ਦੇ ਪ੍ਰਧਾਨ, ਕੇਆਰਆਈਬੀਐਚਸੀਓ ਦੇ ਚੇਅਰਮੈਨਡਾ: ਚੰਦਰਪਾਲ ਸਿੰਘ ਯਾਦਵ, ਐਨਸੀਯੂਆਈ ਦੇ ਪ੍ਰਧਾਨ,ਆਈਐਫਐਫਸੀਓ ਦੇ ਚੇਅਰਮੈਨਦਲੀਪ ਸੰਘਾਨੀਅਤੇ ਐਨਸੀਯੂਆਈ ਦੀ ਉਪ ਮੁੱਖ ਕਾਰਜਕਾਰੀਸਾਵਿਤਰੀ ਸਿੰਘ ਨੇ ਹਿੱਸਾ ਲਿਆ। ਇਸ ਸਮੇਂ, ਭਾਰਤ ਕੋਲ ਜੀ-20 ਦੀ ਪ੍ਰਧਾਨਗੀ ਹੈ, ਜੋ ਕਿ ਵਿਸ਼ਵ ਦੇ 20 ਪ੍ਰਮੁੱਖ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦਾ ਸਮੂਹ ਹੈ। ਭਾਰਤ ਸਤੰਬਰ 2023 ਵਿੱਚ 18ਵੇਂ ਜੀ-20 ਸੰਮੇਲਨ ਦੀ ਮੇਜ਼ਬਾਨੀ ਕਰੇਗਾ। ਇਸ ਤੋਂ ਪਹਿਲਾਂ ਭਾਰਤ ਵਿੱਚ ਵੱਡੇ ਜੀ-20 ਸਮੂਹਾਂ ਦੀਆਂ ਕਈ ਬੈਠਕਾਂ ਹੋਣੀਆਂ ਹਨ, ਜਿਨ੍ਹਾਂ ਵਿੱਚ ਬੀ20 ਵੀ ਸ਼ਾਮਲ ਹੈ।

ਵਪਾਰ 20 (ਬੀ20) ਇਸ ਸੰਸਥਾ ਦੇ ਸਭ ਤੋਂ ਮਹੱਤਵਪੂਰਨ ਅਧਿਕਾਰਤ ਸਮੂਹਾਂ ਵਿੱਚੋਂ ਇੱਕ ਹੈ। ਇਸ ਵਿੱਚ ਕੰਪਨੀਆਂ, ਟਰੇਡ ਯੂਨੀਅਨਾਂ ਅਤੇ ਬਹੁ-ਅਨੁਸ਼ਾਸਨੀ ਸੰਸਥਾਵਾਂ ਦੀ ਭਾਗੀਦਾਰੀ ਹੈ। ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀਆਈਆਈ) ਨੂੰ ਭਾਰਤ ਸਰਕਾਰ ਦੁਆਰਾ ਅਧਿਕਾਰਤ ਤੌਰ ‘ਤੇ ਬੀ20 ਦਾ ਸਕੱਤਰੇਤ ਬਣਾਇਆ ਗਿਆ ਹੈ। ਭਾਰਤ ਦੀ ਜੀ-20 ਪ੍ਰਧਾਨਗੀ ਦੌਰਾਨ ਬੀ20 ਦੀ ਅਗਵਾਈ ਅਤੇ ਮੇਜ਼ਬਾਨੀ ਇੱਥੇ ਹੀ ਹੋਵੇਗੀ। ਬੀ20 ਇੰਡੀਆ 7 ਟਾਸਕ ਫੋਰਸਾਂ ਅਤੇ 2 ਟਾਸਕ ਕੌਂਸਲਾਂ ਰਾਹੀਂ ਕੰਮ ਕਰੇਗੀ। ਜੀ-20 ਸਮੂਹ ਵਿੱਚ ਅਰਜਨਟੀਨਾ, ਆਸਟਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਫਰਾਂਸ, ਜਰਮਨੀ, ਭਾਰਤ, ਇੰਡੋਨੇਸ਼ੀਆ, ਇਟਲੀ, ਜਾਪਾਨ, ਕੋਰੀਆ ਗਣਰਾਜ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਅਫਰੀਕਾ, ਤੁਰਕੀ, ਯੂਕੇ, ਯੂਐਸਅਤੇ ਯੂਰੋਪੀ ਸੰਘ ਹਨ।

## ਸੀ-20 ਵਰਕਿੰਗ ਗਰੁੱਪ ਦੇ ਵੈਬਿਨਾਰ ਵਿੱਚ ਐਨਸੀਯੂਆਈ ਦੀ ਭਾਗੀਦਾਰੀ



ਐਨਸੀਯੂਆਈ ਡਿਪਟੀ ਸੀਈ ਸਾਵਿਤਰੀ ਸਿੰਘ ਨੇ 22 ਜਨਵਰੀ 2023 ਨੂੰ ਸੀ-20 ਵਰਕਿੰਗ ਗਰੁੱਪ ਦੁਆਰਾ ਆਯੋਜਿਤ ਵੈਬੀਨਾਰ ਵਿੱਚ ਹਿੱਸਾ ਲਿਆ। ਇਸ ਵੈਬੀਨਾਰ ਦਾ ਮੁੱਖ ਵਿਸ਼ਾ ਸੀ- ‘ਲਿੰਗ ਅਤੇ ਸਿਵਲ ਸੁਸਾਇਟੀ ‘ਤੇ ਧਿਆਨ ਕੇਂਦ੍ਰਿਤ ਤਕਨਾਲੋਜੀ ਅਤੇ ਨੀਤੀਆਂ’।

ਐਨਸੀਯੂਆਈ ਦੇ ਡਿਪਟੀ ਸੀਈ ਨੇ ਭਾਰਤ ਵਿੱਚ ਸਹਿਕਾਰੀ ਅੰਦੋਲਨ ਬਾਰੇ ਗੱਲ ਕੀਤੀ ਅਤੇ ਦੇਸ਼ ਵਿੱਚ ਸਫਲ ਸਹਿਕਾਰੀ ਕਾਰੋਬਾਰਾਂ ਬਾਰੇ ਜਾਣਕਾਰੀ ਦਿੱਤੀ। ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਇਸ ਨੇ ਦੇਸ਼ ਦੇ 30 ਕਰੋੜ ਸਹਿਕਾਰੀ ਮੈਂਬਰਾਂ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸੀ-20 ਨੂੰ ਆਪਣੇ ਸੰਦੇਸ਼ ਵਿੱਚ, ਉਸਨੇ ਸੁਝਾਅ ਦਿੱਤਾ ਕਿ ਐਸਡੀਜੀਐਸ ਨੂੰ ਪ੍ਰਾਪਤ ਕਰਨ ਵਿੱਚ ਸਹਿਕਾਰੀ ਸੰਸਥਾਵਾਂ ਦੇ ਯੋਗਦਾਨ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਵੱਖ-ਵੱਖ ਜੀ-20 ਕਾਰਜ ਸਮੂਹਾਂ ਵਿੱਚ ਉਚਿਤ ਸਥਾਨ ਮਿਲਣਾ ਚਾਹੀਦਾ ਹੈ। ਨਾਲ ਹੀ, ਇਹਨਾਂ ਦਾ ਜ਼ਿਕਰ ਸੰਬੰਧਿਤ ਰਿਪੋਰਟਾਂ ਅਤੇ ਸਿਫ਼ਾਰਸ਼ਾਂ ਵਿੱਚ ਕੀਤਾ ਜਾਣਾ ਚਾਹੀਦਾ ਹੈ। ਸਿਵਲ 20 (ਸੀ20) ਜੀ-20 ਦਾ ਐਨਗੇਜਮੈਂਟ ਗਰੁੱਪ ਹੈ। ਜੀ20 ਵਿੱਚ ਸਿਵਲ ਸੋਸਾਇਟੀ ਸੰਸਥਾਵਾਂ ਦੇ ਇੱਕ ਫੋਰਮ ਵਜੋਂ, ਜੀ-20 ਗੈਰ-ਸਰਕਾਰੀ ਅਤੇ ਗੈਰ-ਕਾਰੋਬਾਰੀ ਆਵਾਜ਼ਾਂ ਨੂੰ ਜੀ-20 ਨੇਤਾਵਾਂ ਤੱਕ ਪਹੁੰਚਾਏਗਾ। ਇਸ ਸਮੇਂ ਭਾਰਤ ਜੀ-20 ਦੀ ਪ੍ਰਧਾਨਗੀ ਕਰ ਰਿਹਾ ਹੈ।.

## ਐਨਸੀਯੂਆਈ ਨੇ ਐਨਆਈਟੀਸੀਓਐਨ ਲਿਮਿਟੇਡ ਨਾਲ ਸਮਝੌਤਾ ਕੀਤਾ: ਸਹਿਕਾਰੀ ਉੱਦਮ ਨੂੰ ਉਤਸ਼ਾਹਿਤ ਕਰਨ ਲਈ ਇੱਕ ਵੱਡਾ ਕਦਮ

ਨਾਮੀ ਰਿਸੋਰਸ ਔਰਗਨਾਇਜੇਸ਼ਨ ਨਾਲ ਨਾਤਾ ਜੋੜ ਕੇ ਸਿਹਯੋਗੀ ਉਦਮਤ (ਕੋ-ਆਪ੍ਰੇਟਿਵ ਇੰਟਰਪ੍ਰੀਓਰਸ਼ਿਪ) ਨੂੰ ਉਤਸ਼ਾਹਿਤ ਕਰਨ ਲਈ ਐਨਸੀਯੂਆਈਨੇ 2 ਫਰਵਰੀ 2023 ਨੂੰ ਐਨਆਈਟੀਸੀਓਐਨ ਦੇ ਨਾਲ ਇੱਕ ਐਮਓਯੂ ‘ਤੇ ਹਸਤਾਖਰ ਕੀਤੇ। ਇਸ ਮੌਕੇ ਦਿਲੀਪ ਸੰਘਾਣੀ, ਪ੍ਰਧਾਨ, ਐਨਸੀਯੂਆਈ, ਡਾ. ਸੁਧੀਰ ਮਹਾਜਨ, ਸੀ.ਈ., ਐਨਸੀਯੂਆਈਅਤੇ ਸਤਵਿੰਦਰ ਸਿੰਘ, ਐਮ.ਡੀ, ਨਿਟਕੋਨ ਲਿਮਟਿਡ ਹਾਜ਼ਰ ਸਨ। ਇਸ ਮਹੱਤਵਪੂਰਨ ਭਾਈਵਾਲੀ ਰਾਹੀਂ, ਐਨਸੀਯੂਆਈਨੂੰ ਐਸਐਚਜੀਐਸ ਅਤੇ ਸਹਿਕਾਰੀ ਸਭਾਵਾਂ ਦੇ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਲਈ ਪੇਸ਼ੇਵਰ ਸਮਰਥਨ ਪ੍ਰਾਪਤ ਹੋਵੇਗਾ। ਇਹ ਮਾਰਕੀਟਿੰਗ ਸੰਪੱਤੀ ਨੂੰ ਵਿਕਸਤ ਕਰਨ, ਉੱਦਮੀ ਵਿਕਾਸ ਸਿਖਲਾਈ ਪ੍ਰੋਗਰਾਮਾਂ ਅਤੇ ਆਈਟੀ ਸੇਵਾਵਾਂ ਦੀ ਮਦਦ ਨਾਲ ਇਨਕਿਊਬੇਸ਼ਨ ਕੇਂਦਰਾਂ ਨੂੰ ਮਜ਼ਬੂਤ ਕਰਨਵਿੱਚਵੀਮਦਦਕਰੇਗਾ, ਜਿਸ ਵਿੱਚ ਰਿਕਾਰਡਾਂ ਦਾ ਡਿਜੀਟਾਈਜ਼ੇਸ਼ਨ, ਸਾਫਟਵੇਅਰ ਵਿਕਾਸ, ਵੱਖ-ਵੱਖ ਪ੍ਰੋਜੈਕਟਾਂ ਲਈ ਆਈਟੀ ਹਾਰਡਵੇਅਰ ਸਪਲਾਈ ਆਦਿ ਸ਼ਾਮਲ ਹਨ। ਐਨਆਈਟੀਸੀਓਐਨ ਲਿਮਿਟੇਡ, ਜੋ ਕਿ ਸਾਲ 1984 ਵਿੱਚ ਹੋਂਦ ਵਿੱਚ ਆਈ, ਭਾਰਤ ਸਰਕਾਰ ਦੀ ਇੱਕ ਸੰਸਥਾ ਹੈ ਜੋ ਸੂਚਨਾ ਤਕਨਾਲੋਜੀ ਅਤੇ ਸਲਾਹ ਸੇਵਾਵਾਂ, ਹੁਨਰ ਵਿਕਾਸ, ਸਿਖਲਾਈ ਅਤੇ ਉਦਯੋਗਿਕ, ਵਿਦਿਅਕ ਅਤੇ ਸਿਹਤ ਖੇਤਰਾਂ ਵਿੱਚ ਸਮਰੱਥਾ ਨਿਰਮਾਣ ਵਿੱਚ ਲੱਗੀ ਹੋਈ ਹੈ।

